## ਚੋਣ ਮਨੋਰਥ ਪੱਤਰ



# " ਨਹੀਂ ਝੂਠੇ ਵਾਅਦੇ.......
# ਸਿਰਫ ਪੱਕੇ ਇਰਾਦੇ "

## ਅਰਵਿੰਦ ਕੇਜਰੀਵਾਲ
ਨੈਸ਼ਨਲ ਕਨਵੀਨਰ





ਚੋਣ ਨਿਸ਼ਾਨ ਝਾੜੂ

## ਭਗਵੰਤ ਮਾਨ
ਪੰਜਾਬ ਪ੍ਰਧਾਨ



ਆਪ
ਆਮ ਆਦਮੀ ਪਾਰਟੀ

## ਆਮ ਆਦਮੀ ਪਾਰਟੀ, ਪੰਜਾਬ

**ਅਮਨ ਅਰੋੜਾ**
ਕੈਂਪੇਨ ਕਮੇਟੀ ਚੇਅਰਮੈਨ

ਛਾਪਕ: ਜਨਤਾ ਪ੍ਰਿੰਟਿੰਗ ਪ੍ਰੈਸ, ਅਮਰੀਕ ਸਿੰਘ ਰੋਡ, ਬਠਿੰਡਾ, ਮੋਬ: 92169-00995 (Qty. 20) ਜਾਰੀ ਕਰਤਾ: ਅਮਨ ਅਰੋੜਾ, 97799-05555

ਸਤਿਕਾਰਯੋਗ ਪੰਜਾਬੀਓ !

ਆਮ ਆਦਮੀ ਪਾਰਟੀ ਪੰਜਾਬ ਦੇ ਆਰਥਿਕ ਅਤੇ ਸਮਾਜਿਕ ਹਾਲਾਤਾਂ ਤੋਂ ਵਾਕਿਫ਼ ਹੈ ਅਤੇ ਕਿਸਾਨਾਂ, ਵਪਾਰੀਆਂ ਤੇ ਨੌਜਵਾਨਾਂ ਦੇ ਦਰਦ ਨੂੰ ਚੰਗੀ ਤਰ੍ਹਾਂ ਮਹਿਸੂਸ ਕਰਦੀ ਹੈ। ਆਮ ਆਦਮੀ ਪਾਰਟੀ ਪੰਜਾਬ ਨੂੰ "ਖੁਸ਼ਹਾਲ ਪੰਜਾਬ" ਬਣਾਉਣ ਲਈ ਵਚਨਬੱਧ ਹੈ। ਆਮ ਆਦਮੀ ਪਾਰਟੀ ਤੁਹਾਡੇ ਨਾਲ ਜੁਮਲੇਬਾਜੀ ਅਤੇ ਝੂਠੇ ਵਾਅਦੇ ਨਹੀਂ ਕਰਦੀ ਸਗੋਂ ਪੱਕੇ ਇਰਾਦੇ ਲੈ ਕੇ ਤੁਹਾਡੀ ਕਚਿਹਰੀ ਵਿੱਚ ਹਾਜ਼ਰ ਹੋਈ ਹੈ। ਅਸੀਂ ਤੁਹਾਨੂੰ ਯਕੀਨ ਦਿਵਾਉਣੇ ਹਾਂ ਕਿ ਪੰਜਾਬ ਵਿੱਚੋਂ ਜਿੱਤਣ ਵਾਲੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇਸ਼ ਦੀ ਸੰਸਦ ਵਿੱਚ ਹੇਠ ਲਿਖੇ ਪਹਿਲੂਆਂ ਉੱਤੇ ਮਜ਼ਬੂਤੀ ਨਾਲ ਪੱਖ ਰੱਖਣਗੇ:-

1. ਸਵਾਮੀਨਾਥਣ ਕਮੀਸ਼ਨ (ਲਾਗਤ ਮੁੱਲ ਦਾ 1.5 ਗੁਣਾ) ਦੀ ਰਿਪੋਰਟ ਲਾਗੂ ਕਰਾਉਣ ਲਈ ਕੇਂਦਰ ਸਰਕਾਰ ਨੂੰ ਮਜ਼ਬੂਰ ਕਰਾਂਗੇ।
2. ਪੰਜਾਬ ਵਿੱਚ ਐਗਰੋ ਬੇਸਡ ਇੰਡਸਟਰੀ ਲਿਆ ਕੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਆਤਮ -ਹੱਤਿਆਵਾਂ ਰੋਕਣ ਦਾ ਯਤਨ ਕਰਾਂਗੇ।
3. ਪਹਾੜੀ ਰਾਜਾਂ ਦੀ ਤਰਜ਼ ਤੇ ਪੰਜਾਬ ਦੀ ਇੰਡਸਟਰੀ ਲਈ "ਇੱਕ ਦੇਸ਼-ਇੱਕ ਟੈਕਸ" ਦੇ ਤਹਿਤ ਸਪੈਸ਼ਲ ਪੈਕੇਜ ਲਈ ਕੇਂਦਰ ਸਰਕਾਰ ਤੇ ਦਬਾਅ ਬਣਾਵਾਂਗੇ।
4. ਵਪਾਰੀਆਂ ਦੀ ਭਲਾਈ ਲਈ GST ਦੀਆਂ ਦਰਾਂ ਨੂੰ ਘਟਾਉਣਾ ਅਤੇ ਸਰਲ ਬਣਾਉਣ ਲਈ ਯਤਨ ਕਰਾਂਗੇ।
5. ਅੰਮ੍ਰਿਤਸਰ ਤੋਂ ਲੈ ਕੇ ਕਲਕੱਤੇ ਤੱਕ ਦਾ ਫਰੇਟ ਕੌਰੀਡੋਰ ਜਿਹੜਾ ਕਿ ਕੇਂਦਰ ਸਰਕਾਰ ਨੇ ਠੰਡੇ ਬਸਤੇ ਵਿੱਚ ਪਾਇਆ ਹੋਇਆ ਹੈ, ਉਸਨੂੰ ਬਣਾਉਣਾ ਯਕੀਨੀ ਬਣਾਇਆ ਜਾਵੇਗਾ।
6. ਨੌਜਵਾਨਾਂ ਨੂੰ ਰੋਜ਼ਗਾਰ ਮੁਹੱਇਆ ਕਰਾਉਣ ਲਈ ਪੰਜਾਬ ਵਿੱਚ ਵੱਡੀ ਪਬਲਿਕ ਸੈਕਟਰ ਅੰਡਰਟੇਕਿੰਗ (PSU) ਇੰਡਸਟਰੀ ਲਿਆਉਣ ਲਈ ਯਤਨ ਕਰਨਗੇ।
7. ਕੈਂਸਰ, ਕਾਲਾ ਪੀਲੀਆ ਵਰਗੀਆਂ ਬਿਮਾਰੀਆਂ ਦੇ ਇਲਾਜ ਲਈ ਪੰਜਾਬ ਵਿੱਚ AIIMS ਅਤੇ PGI ਦੀ ਤਰਜ਼ ਤੇ ਹੋਰ ਵੱਡੇ ਸਰਕਾਰੀ ਹਸਪਤਾਲ ਲੈ ਕੇ ਆਉਣੇ।
8. ਪ੍ਰੋਫੈਸ਼ਨਲ ਸਿੱਖਿਆ ਨੂੰ ਪ੍ਰਫੁੱਲਿਤ ਕਰਨ ਲਈ ਨਵੀਆਂ IIM ਅਤੇ IIT ਵਰਗੀਆਂ ਉੱਚ ਦਰਜੇ ਦੀਆਂ ਸਿੱਖਿਆ ਸੰਸਥਾਵਾਂ ਪੰਜਾਬ ਲਈ ਮਨਜੂਰ ਕਰਵਾਉਣਾ।
9. ਪੰਜਾਬ ਦੇ ਪਾਣੀਆਂ, ਵਾਤਾਵਰਣ ਅਤੇ ਮਿੱਟੀ ਨੂੰ ਬਚਾਉਣ ਲਈ ਸਪੈਸ਼ਲ ਪੈਕੇਜ ਲੈ ਕੇ ਆਵਾਂਗੇ।
10. ਪੰਜਾਬ ਦੀ ਖੇਤੀ ਨੂੰ ਸੰਕਟ ਚੋਂ ਉਭਾਰਣ ਲਈ ਕੇਂਦਰ ਸਰਕਾਰ ਤੋਂ ਪੰਜਾਬ ਲਈ ਸਪੈਸ਼ਲ ਪੈਕੇਜ ਪਾਸ ਕਰਵਾਵਾਂਗੇ।
11. MPLAD ਦਾ 2 ਤਿਹਾਈ ਫੰਡ ਲੋਕਾਂ ਦੀ ਸਲਾਹ ਨਾਲ ਇਲਾਕੇ ਦੀਆਂ ਸਿਹਤ ਅਤੇ ਸਿੱਖਿਆ ਸਹੂਲਤਾਂ ਨੂੰ ਵਧੀਆ ਬਣਾਉਣ ਲਈ ਖਰਚ ਕੀਤਾ ਜਾਵੇਗਾ ਅਤੇ ਇੱਕ-ਇੱਕ ਪੈਸੇ ਦਾ ਹਿਸਾਬ ਹਰ ਸਾਲ ਲੋਕਾਂ ਦੇ ਸਾਹਮਣੇ ਰੱਖਿਆ ਜਾਵੇਗਾ।